ਰਿਕਾਰਡ ਬੁੱਕ

ਔਰੇਂਜ ਕੈਪ
ਹੈਨਰਿਕ ਕਲਾਸੇਨ
508

ਪਰਪਲ ਕੈਪ
ਭੁਵਨੇਸ਼ਵਰ ਕੁਮਾਰ
22

ਸਿਕਸਰ ਕਿੰਗ
ਵੈਭਵ ਸੂਰਯਵੰਸ਼ੀ
40

ਬੈਸਟ ਇਕਾਨਮੀ
ਹਰਪ੍ਰੀਤ ਬਰਾੜ : 6.25

ਸਭ ਤੋਂ ਵੱਧ ਡਾਟ ਗੇਂਦਾਂ
ਮੁਹੰਮਦ ਸਿਰਾਜ : 130

ਸਭ ਤੋਂ ਵੱਧ ਚੌਕੇ
ਵਿਰਾਟ ਕੋਹਲੀ : 53

ਆਊਟ	ਚੌਕੇ	ਛੱਕੇ
665	1747	1066

ਇੰਗਲੈਂਡ ਕ੍ਰਿਕਟ ਟੀਮ ਨੇ ਨਵੇਂ ਚੋਣਕਾਰ ਤੇ ਨਵੀਂ ਟੈਸਟ ਟੀਮ ਦਾ ਕੀਤਾ ਐਲਾਨ

ਲੰਡਨ, 13 ਮਈ (ਏ. ਪੀ.)– ਐਸ਼ੇਜ਼ ਲੜੀ 'ਚ ਹਾਰ ਦੇ ਮੱਦੇਨਜ਼ਰ ਆਤਮ-ਮੰਥਨ ਦੇ ਦੌਰ ਤੋਂ ਬਾਅਦ ਇੰਗਲੈਂਡ ਕ੍ਰਿਕਟ ਟੀਮ ਨੇ ਪਹਿਲੀ ਵਾਰ ਵਿਦੇਸ਼ੀ ਰਾਸ਼ਟਰੀ ਚੋਣਕਾਰ ਨਿਯੁਕਤ ਕੀਤਾ ਹੈ ਤੇ ਨਵੀਂ ਟੈਸਟ ਟੀਮ ਚੁਣੀ ਹੈ।

ਆਸਟ੍ਰੇਲੀਆ ਦੇ ਸਾਬਕਾ ਬੱਲੇਬਾਜ਼ ਮਾਰਕਸ ਨੌਰਥ ਨੂੰ ਚੋਣਕਾਰ ਬਣਾਇਆ ਗਿਆ ਹੈ ਜਿਹੜਾ 2018 ਤੋਂ ਬਾਅਦ ਤੋਂ 6 ਇੰਗਲਿਸ਼ ਕਾਊਂਟੀ ਟੀਮਾਂ ਲਈ ਖੇਡ ਚੁੱਕਾ ਹੈ ਤੇ ਡਰਹਮ ਦਾ ਕ੍ਰਿਕਟ ਨਿਰਦੇਸ਼ਕ ਵੀ ਰਹਿ ਚੁੱਕਾ ਹੈ, ਜਿੱਥੇ ਉਸ ਨੇ ਇੰਗਲੈਂਡ ਦੇ ਟੈਸਟ ਕਪਤਾਨ ਬੇਨ ਸਟੋਕਸ ਨਾਲ ਕੰਮ ਕੀਤਾ ਹੈ। ਇੰਗਲੈਂਡ ਦੇ ਕੋਲ ਬ੍ਰੈਂਡਨ ਮੈਕਕੁਲਮ ਵਰਗਾ ਵਿਦੇਸ਼ੀ ਮੁੱਖ ਕੋਚ ਹੈ। ਨੌਰਥ ਹੁਣ ਲਿਊਕ ਰਾਈਟ ਦੀ ਜਗ੍ਹਾ ਲਵੇਗਾ ਜਿਹੜਾ ਤਿੰਨ ਸਾਲ ਇਸ ਅਹੁਦੇ 'ਤੇ ਰਿਹਾ।

ਐਸ਼ੇਜ਼ ਲੜੀ 'ਚ ਮਿਲੀ 1-4 ਨਾਲ ਹਾਰ ਤੋਂ ਬਾਅਦ ਨਿਊਜ਼ੀਲੈਂਡ ਵਿਰੁੱਧ 4 ਜੂਨ ਤੋਂ ਸ਼ੁਰੂ ਹੋ ਰਹੀ ਲੜੀ ਲਈ ਸਲਾਮੀ ਬੱਲੇਬਾਜ਼ ਜੈਕ ਕ੍ਰਾਊਲੀ ਤੇ ਤੀਜੇ ਨੰਬਰ ਦੇ ਬੱਲੇਬਾਜ਼ ਓਲੀ ਪੋਪ ਨੂੰ ਟੀਮ 'ਚ ਜਗ੍ਹਾ ਨਹੀਂ ਮਿਲੀ ਹੈ। ਜੋਫ੍ਰਾ ਆਰਚਰ ਟੀ-20 ਰੁੱਝੇਵਿਆਂ ਕਾਰਨ ਉਪਲੱਬਧ ਨਹੀਂ ਹੈ ਜਦਕਿ ਬ੍ਰਾਇਡਨ ਕਾਰਸ ਤੇ ਮਾਰਕ ਵੁੱਡ ਜ਼ਖ਼ਮੀ ਹਨ।

ਪਹਿਲੇ ਟੈਸਟ ਲਈ ਟੀਮ ਇਸ ਤਰ੍ਹਾਂ ਹੈ : ਬੇਨ ਸਟੋਕਸ (ਕਪਤਾਨ), ਰੇਹਾਨ ਅਹਿਮਦ, ਗਸ ਐਟਕਿੰਸਨ, ਸੋਨੀ ਬੇਕਰ, ਸ਼ੋਏਬ ਬਸ਼ੀਰ, ਜੈਕਬ ਬੇਥੇਲ, ਹੈਰੀ ਬਰੂਕ, ਬੇਨ ਡਕੇਟ, ਮੈਥਿਊ ਫਿਸ਼ਰ, ਐਮੀਲੀਓ ਗੇ, ਜੇਮਸ ਰੀਯੂ, ਓਲੀ ਰਾਬਿਨਸਨ, ਜੋ ਰੂਟ, ਜੈਮੀ ਸਮਿਥ, ਜੋਸ਼ ਟੰਗ।

ਰਾਇਲ ਚੈਲੰਜਰਜ਼ ਨੇ ਕੋਲਕਾਤਾ ਨਾਈਟ ਰਾਈਡਰਜ਼ ਨੂੰ 5 ਗੇਂਦਾਂ ਬਾਕੀ ਰਹਿੰਦਿਆਂ 6 ਵਿਕਟਾਂ ਨਾਲ ਹਰਾਇਆ

ਵਿਰਾਟ ਦਾ 9ਵਾਂ ਸੈਂਕੜਾ, ਬੈਂਗਲੂਰੂ ਚੋਟੀ 'ਤੇ

ਰਾਏਪੁਰ, 13 ਮਈ (ਇੰਟ.)– ਸਟਾਰ ਬੱਲੇਬਾਜ਼ ਵਿਰਾਟ ਕੋਹਲੀ (ਅਜੇਤੂ 105) ਦੇ ਆਈ. ਪੀ. ਐੱਲ. ਕਰੀਅਰ ਦੇ 9ਵੇਂ ਸੈਂਕੜੇ ਦੀ ਬਦੌਲਤ ਸਾਬਕਾ ਚੈਂਪੀਅਨ ਰਾਇਲ ਚੈਲੰਜਰਜ਼ ਬੈਂਗਲੂਰੂ ਨੇ ਅੱਜ ਇੱਥੇ ਖੇਡੇ ਗਏ ਮੁਕਾਬਲੇ ਵਿਚ ਕੋਲਕਾਤਾ ਨਾਈਟ ਰਾਈਡਰਜ਼ ਨੂੰ 6 ਵਿਕਟਾਂ ਨਾਲ ਹਰਾ ਕੇ ਅੰਕ ਸੂਚੀ ਵਿਚ ਚੋਟੀ ਦਾ ਸਥਾਨ ਹਾਸਲ ਕਰ ਲਿਆ।

ਮੀਂਹ ਕਾਰਨ ਰਾਏਪੁਰ ਵਿਚ ਮੈਚ 75 ਮਿੰਟ ਦੀ ਦੇਰੀ ਨਾਲ ਸ਼ੁਰੂ ਹੋਇਆ ਸੀ ਤੇ ਕੇ. ਕੇ. ਆਰ. ਨੇ ਪੂਰੇ 20 ਓਵਰਾਂ ਦੀ ਬੱਲੇਬਾਜ਼ੀ ਵਿਚ 192 ਦੌੜਾਂ ਦਾ ਚੁਣੌਤੀਪੂਰਨ ਸਕੋਰ ਬਣਾਇਆ ਸੀ ਪਰ ਬੈਂਗਲੂਰੂ ਨੇ ਆਪਣੇ ਸਾਬਕਾ ਕਪਤਾਨ ਵਿਰਾਟ ਕੋਹਲੀ ਦੇ ਸੈਂਕੜੇ ਦੀ ਬਦੌਲਤ ਉਕਤ ਟੀਚਾ 4 ਵਿਕਟਾਂ ਗਵਾ ਕੇ 19.1 ਓਵਰਾਂ ਵਿਚ ਹਾਸਲ ਕਰ ਲਿਆ। ਇਹ ਬੈਂਗਲੂਰੂ ਦੀ ਮੌਜੂਦਾ ਸੈਸ਼ਨ ਵਿਚ 8ਵੀਂ ਜਿੱਤ ਹੈ। ਇਸ ਦੇ ਨਾਲ ਹੀ ਉਸ ਨੇ ਪਲੇਅ ਆਫ ਵਿਚ ਆਪਣੀ ਜਗ੍ਹਾ ਬਣਾਉਣ ਲਈ ਮਜ਼ਬੂਤ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ।

ਟੀਚੇ ਦਾ ਪਿੱਛਾ ਕਰਦਿਆਂ ਬੈਂਗਲੂਰੂ ਨੇ ਆਪਣੇ ਸਲਾਮੀ ਬੱਲੇਬਾਜ਼ ਜੈਕਬ ਬੈਥਲ(15) ਦੀ ਵਿਕਟ ਜਲਦੀ ਗੁਆ ਦਿੱਤੀ ਪਰ ਦੂਜੇ ਪਾਸੇ ਤੋਂ ਵਿਰਾਟ ਨੇ ਮੈਦਾਨ ਸੰਭਾਲਿਆ ਤੇ ਦੇਵਦੱਤ ਪੱਡੀਕਲ (39) ਨਾਲ ਦੂਜੀ ਵਿਕਟ ਲਈ 92 ਦੌੜਾਂ ਦੀ ਸਾਂਝੇਦਾਰੀ ਕਰ ਕੇ ਟੀਮ ਨੂੰ ਜਿੱਤ ਦੇ ਰਾਹ 'ਤੇ ਪਾਇਆ ਅਤੇ ਅੰਤ ਵਿਚ ਜਿਤੇਸ਼ ਸ਼ਰਮਾ (ਅਜੇਤੂ 8) ਦੇ ਨਾਲ ਜਿੱਤ ਟੀਮ ਦੀ ਝੋਲੀ ਵਿਚ ਪਾ ਦਿੱਤੀ। ਇਸ ਵਲੋਂ ਕਪਤਾਨ ਰਜਤ ਪਾਟੀਦਾਰ (11) ਤੇ ਟਿਮ ਡੇਵਿਡ (2) ਅਸਫਲ ਰਹੇ।

ਇਸ ਤੋਂ ਪਹਿਲਾਂ ਕੋਲਕਾਤਾ ਨੇ ਅੰਗਕ੍ਰਿਸ਼ ਰਘੂਵੰਸ਼ੀ (71) ਦੇ ਕਰੀਅਰ ਦੀ ਸਰਵੋਤਮ ਅਰਧ ਸੈਂਕੜੇ ਵਾਲੀ ਪਾਰੀ ਤੇ ਰਿੰਕੂ ਸਿੰਘ ਦੀਆਂ ਅਜੇਤੂ 49 ਦੌੜਾਂ ਦੀ ਮਦਦ ਨਾਲ 4 ਵਿਕਟਾਂ 'ਤੇ 192 ਦੌੜਾਂ ਦਾ ਮਜ਼ਬੂਤ ਸਕੋਰ ਖੜ੍ਹਾ ਕੀਤਾ। ਕੇ. ਕੇ. ਆਰ. ਦੇ ਵਿਕਟਕੀਪਰ ਬੱਲੇਬਾਜ਼ ਅੰਗਕ੍ਰਿਸ਼ ਨੇ 46 ਗੇਂਦਾਂ ਦੀ ਪਾਰੀ ਦੌਰਾਨ 3 ਛੱਕੇ ਤੇ 7 ਚੌਕੇ ਲਾਏ। ਇਸ ਦੌਰਾਨ ਉਸ ਨੇ ਅਹਿਮ ਸਾਂਝੇਦਾਰੀਆਂ ਵੀ ਕੀਤੀਆਂ ਜਿਸ ਨਾਲ ਟੀਮ ਨੂੰ ਜ਼ਰੂਰੀ ਗਤੀ ਮਿਲੀ ਜਿਹੜੀ ਉਸ ਦੇ ਸਲਾਮੀ ਬੱਲੇਬਾਜ਼ ਦੇਣ 'ਚ ਅਸਫਲ ਰਹੇ ਸੀ।

ਗਿੱਲੀ ਆਊਟਫੀਲਡ ਕਾਰਨ ਮੈਚ ਸਵਾ ਘੰਟਾ ਦੇਰ ਨਾਲ ਸ਼ੁਰੂ ਹੋਇਆ। ਆਰ. ਸੀ. ਬੀ. ਨੇ ਪਿੱਚ ਤੋਂ ਮਦਦ ਦੀ ਉਮੀਦ 'ਚ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਪਰ ਇੱਥੇ ਖੇਡੇ ਗਏ ਪਿਛਲੇ ਮੈਚ ਦੇ ਮੁਕਾਬਲੇ ਇਸ ਵਾਰ ਤੇਜ਼ ਗੇਂਦਬਾਜ਼ਾਂ ਨੂੰ ਕੋਈ ਖਾਸ ਮਦਦ ਨਹੀਂ ਮਿਲੀ ਜਿਸ 'ਚ ਨਵੀਂ ਗੇਂਦ ਨੇ ਕਾਫੀ ਅਸਰ ਪਾਇਆ ਸੀ।

ਕੇ. ਕੇ. ਆਰ. ਦੇ ਕਪਤਾਨ ਅਜਿੰਕਯ ਰਹਾਣੇ (19) ਨੇ ਪਹਿਲੇ ਓਵਰ 'ਚ ਭੁਵਨੇਸ਼ਵਰ ਕੁਮਾਰ ਦੀਆਂ 5 ਡਾਟ ਗੇਂਦਾਂ ਤੋਂ ਬਾਅਦ ਇਕ ਚੌਕਾ ਲਾਇਆ। ਇਸ ਤੋਂ ਬਾਅਦ ਦੂਜੇ ਓਵਰ 'ਚ ਫਿਨ ਐਲਨ (18) ਨੇ ਜੈਕਬ ਡਫੀ ਦੀ ਗੇਂਦ 'ਤੇ 14 ਦੌੜਾਂ ਬਣਾਈਆਂ ਪਰ ਆਰ. ਸੀ. ਬੀ. ਨੇ ਜ਼ੋਰਦਾਰ ਵਾਪਸੀ ਕੀਤੀ। ਭੁਵਨੇਸ਼ਵਰ ਨੇ ਐਲਨ ਨੂੰ ਵਿਕਟਾਂ ਦੇ ਪਿੱਛੇ ਕੈਚ ਕਰਵਾਇਆ। ਕੁਝ ਹੀ ਦੇਰ ਬਾਅਦ ਚੌਥੇ ਓਵਰ 'ਚ ਜੋਸ਼ ਹੇਜ਼ਲਵੁੱਡ ਨੇ ਰਹਾਣੇ ਨੂੰ ਬਾਊਂਸਰ 'ਤੇ ਆਊਟ ਕਰ ਦਿੱਤਾ। ਇਸ ਤੋਂ ਠੀਕ ਪਹਿਲਾਂ ਕੇ. ਕੇ. ਆਰ. ਦੇ ਕਪਤਾਨ ਨੇ ਡਫੀ ਦੀ ਗੇਂਦ 'ਤੇ ਇਕ ਛੱਕਾ ਤੇ ਇਕ ਚੌਕਾ ਲਗਾ ਕੇ ਚੌਥੇ ਓਵਰ 'ਚ ਕੁੱਲ 17 ਦੌੜਾਂ ਬਣਾਈਆਂ ਸਨ। ਪਾਵਰਪਲੇਅ ਤੋਂ ਬਾਅਦ ਕੇ. ਕੇ. ਆਰ. ਦਾ ਸਕੋਰ 2 ਵਿਕਟਾਂ 'ਤੇ 56 ਦੌੜਾਂ ਸੀ।

ਰਘੂਵੰਸ਼ੀ ਨੇ ਤੀਜੀ ਵਿਕਟ ਲਈ ਕੈਮਰਨ ਗ੍ਰੀਨ (32) ਦੇ ਨਾਲ 68 ਦੌੜਾਂ ਦੀ ਅਹਿਮ ਸਾਂਝੇਦਾਰੀ ਕੀਤੀ। ਇਸ ਤੋਂ ਬਾਅਦ ਉਸ ਨੇ ਚੌਥੀ ਵਿਕਟ ਲਈ ਰਿੰਕੂ ਸਿੰਘ ਦੇ ਨਾਲ 76 ਦੌੜਾਂ ਜੋੜੀਆਂ ਜਿਸ ਨਾਲ ਟੀਮ ਮੁਕਾਬਲੇਬਾਜ਼ੀ ਵਾਲਾ ਸਕੋਰ ਖੜ੍ਹਾ ਕਰਨ 'ਚ ਕਾਮਯਾਬ ਰਹੀ।

21 ਸਾਲਾ ਰਘੂਵੰਸ਼ੀ ਨੇ ਇਸ ਸੈਸ਼ਨ ਦਾ ਆਪਣਾ ਚੌਥਾ ਅਰਧ ਸੈਂਕੜਾ ਲਾਇਆ। ਇਹ ਆਈ. ਪੀ. ਐੱਲ. 'ਚ ਹੁਣ ਤੱਕ ਉਸ ਦਾ ਸਰਵੋਤਮ ਸੈਸ਼ਨ ਰਿਹਾ ਹੈ, ਜਿਸ 'ਚ ਉਸ ਨੇ ਤੀਜੇ ਨੰਬਰ 'ਤੇ ਬੱਲੇਬਾਜ਼ੀ ਕਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

14,000 ਦੌੜਾਂ ਪੂਰੀਆਂ ਕੀਤੀਆਂ ਟੀ-20 ਵਿਚ ਵਿਰਾਟ ਕੋਹਲੀ ਨੇ। ਇਸ ਮਾਮਲੇ ਵਿਚ ਕੋਹਲੀ 6ਵੇਂ ਨੰਬਰ 'ਤੇ ਪਹੁੰਚ ਗਿਆ ਹੈ ਜਦਕਿ ਸਭ ਤੋਂ ਵੱਧ ਦੌੜਾਂ ਕ੍ਰਿਸ ਗੇਲ (14562) ਦੇ ਨਾਂ ਹਨ।

'ਪਲੇਅਰ ਆਫ ਦਿ ਮੈਚ' — ਵਿਰਾਟ ਕੋਹਲੀ, ਰਾਇਲ ਚੈਲੰਜਰਜ਼ ਬੈਂਗਲੂਰੂ — ਰਾਇਲ ਚੈਲੰਜਰਜ਼ ਬੈਂਗਲੂਰੂ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਚੁਣੀ ਸੀ।

ਸਕੋਰ ਬੋਰਡ

ਕੋਲਕਾਤਾ ਨਾਈਟ ਰਾਈਡਰਜ਼	ਦੌੜਾਂ	ਗੇਂਦਾਂ	4/6
ਰਹਾਣੇ ਕ. ਐੱਡ ਬ. ਹੇਜ਼ਲਵੁੱਡ	19	13	3/1
ਐਲਨ ਕ. ਜਿਤੇਸ਼ ਬ. ਕੁਮਾਰ	18	08	3/1
ਅੰਗਕ੍ਰਿਸ਼ ਰਨ ਆਊਟ (ਪੱਡੀਕਲ/ਕੁਮਾਰ)	71	46	7/3
ਗ੍ਰੀਨ ਬ. ਰਸਿਖ	32	24	3/1
ਰਿੰਕੂ ਅਜੇਤੂ	49	29	3/2
ਵਾਧੂ	03		
ਕੁੱਲ (4 ਵਿਕਟਾਂ, 20 ਓਵਰ)	192		

ਵਿਕਟ ਪਤਨ : 1-23, 2-48, 3-116, 4-192.

ਗੇਂਦਬਾਜ਼ੀ : ਕੁਮਾਰ 4-0-34-1, ਡਫੀ 4-0-48-0, ਹੇਜ਼ਲਵੁੱਡ 4-0-35-1, ਰਸਿਖ 4-0-35-1, ਕਰੁਣਾਲ 4-0-39-0.

ਰਾਇਲ ਚੈਲੰਜਰਜ਼ ਬੈਂਗਲੂਰੂ	ਦੌੜਾਂ	ਗੇਂਦਾਂ	4/6
ਬੈਥਲ ਕ. ਐੱਡ ਬ. ਤਿਆਗੀ	15	12	2/1
ਵਿਰਾਟ ਅਜੇਤੂ	105	60	11/3
ਪੱਡੀਕਲ ਕ. ਰਹਾਣੇ ਬ. ਤਿਆਗੀ	39	27	7/0
ਪਾਟੀਦਾਰ ਕ. ਰਹਾਣੇ ਬ. ਨਾਰਾਇਣ	11	08	0/1
ਟਿਮ ਕ. ਪਾਂਡੇ ਬ. ਤਿਆਗੀ	02	03	0/0
ਜਿਤੇਸ਼ ਅਜੇਤੂ	08	05	1/0
ਵਾਧੂ	14		
ਕੁੱਲ (4 ਵਿਕਟਾਂ, 19.1 ਓਵਰ)	194		

ਵਿਕਟ ਪਤਨ : 1-37, 2-129, 3-157, 4-180.

ਗੇਂਦਬਾਜ਼ੀ : ਸੋਰਭ 2.1-0-21-0, ਅਰੋੜਾ 4-0-48-0, ਤਿਆਗੀ 4-0-32-3, ਨਾਰਾਇਣ 4-0-31-1, ਗ੍ਰੀਨ 2-0-22-0, ਅੰਕੁਲ 3-0-36-0.

ਟੈਸਟ ਰੈਂਕਿੰਗ : ਬੁਮਰਾਹ ਚੋਟੀ 'ਤੇ ਬਰਕਰਾਰ, ਜਾਇਸਵਾਲ ਤੇ ਗਿੱਲ ਟਾਪ-10 'ਚ

ਦੁਬਈ, 13 ਮਈ (ਭਾਸ਼ਾ)– ਭਾਰਤ ਦੇ ਤੇਜ਼ ਗੇਂਦਬਾਜ਼ੀ ਹਮਲੇ ਦੇ ਆਗੂ ਜਸਪ੍ਰੀਤ ਬੁਮਰਾਹ ਨੇ ਬੁੱਧਵਾਰ ਨੂੰ ਜਾਰੀ ਆਈ. ਸੀ. ਸੀ. ਦੀ ਤਾਜ਼ਾ ਟੈਸਟ ਰੈਂਕਿੰਗ 'ਚ ਗੇਂਦਬਾਜ਼ਾਂ ਦੀ ਸੂਚੀ 'ਚ ਆਪਣਾ ਚੋਟੀ ਦਾ ਸਥਾਨ ਬਰਕਰਾਰ ਰੱਖਿਆ ਹੈ।

ਯਸ਼ਸਵੀ ਜਾਇਸਵਾਲ ਤੇ ਸ਼ੁਭਮਨ ਗਿੱਲ ਬੱਲੇਬਾਜ਼ਾਂ ਦੀ ਸੂਚੀ 'ਚ ਕ੍ਰਮਵਾਰ 8ਵੇਂ ਤੇ 9ਵੇਂ ਸਥਾਨ 'ਤੇ ਹਨ ਜਦਕਿ ਇੰਗਲੈਂਡ ਦਾ ਸਾਬਕਾ ਟੈਸਟ ਕਪਤਾਨ ਜੋ ਰੂਟ 880 ਅੰਕਾਂ ਦੇ ਨਾਲ ਚੋਟੀ 'ਤੇ ਹੈ। ਜਾਇਸਵਾਲ ਦੇ 750 ਅੰਕ ਹਨ। ਗਿੱਲ ਨੂੰ ਇਕ ਸਥਾਨ ਦਾ ਫਾਇਦਾ ਹੋਇਆ ਹੈ ਤੇ ਉਸ ਦੇ 730 ਅੰਕ ਹਨ। ਹੈਰੀ ਬਰੂਕ ਇਸ ਸੂਚੀ 'ਚ ਦੂਜੇ ਸਥਾਨ 'ਤੇ ਹੈ ਜਦਕਿ ਉਸ ਤੋਂ ਬਾਅਦ ਆਸਟ੍ਰੇਲੀਆ ਦੇ ਟ੍ਰੈਵਿਸ ਹੈੱਡ ਤੇ ਸਟੀਵ ਸਮਿਥ ਦਾ ਨੰਬਰ ਆਉਂਦਾ ਹੈ।

ਭਾਰਤ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਤਹਿਤ 2026 'ਚ ਹੁਣ ਤੱਕ ਇਕ ਵੀ ਮੈਚ ਨਹੀਂ ਖੇਡਿਆ ਹੈ। ਟੀਮ ਨੇ ਆਪਣੀ ਪਿਛਲੀ ਲੜੀ ਸਵਦੇਸ਼ 'ਚ ਨਵੰਬਰ 'ਚ ਦੱਖਣੀ ਅਫਰੀਕਾ ਵਿਰੁੱਧ ਖੇਡੀ ਸੀ।

ਗੇਂਦਬਾਜ਼ਾਂ ਦੀ ਸੂਚੀ 'ਚ ਚੋਟੀ 'ਤੇ ਚੱਲ ਰਹੇ ਬੁਮਰਾਹ ਦੇ 879 ਅੰਕ ਹਨ। ਇਸ ਸੂਚੀ 'ਚ ਅਗਲਾ ਸਰਵੋਤਮ ਭਾਰਤੀ ਗੇਂਦਬਾਜ਼ ਮੁਹੰਮਦ ਸਿਰਾਜ ਹੈ ਜਿਹੜਾ 12ਵੇਂ ਸਥਾਨ 'ਤੇ ਹੈ। ਰਵਿੰਦਰ ਜਡੇਜਾ ਤੇ ਕੁਲਦੀਪ ਯਾਦਵ ਕ੍ਰਮਵਾਰ 14ਵੇਂ ਤੇ 15ਵੇਂ ਸਥਾਨ 'ਤੇ ਹਨ। ਆਸਟ੍ਰੇਲੀਆ ਦਾ ਮਿਸ਼ੇਲ ਸਟਾਰਕ ਤੇ ਟੈਸਟ ਕਪਤਾਨ ਪੈਟ ਕਮਿੰਸ ਇਕ-ਇਕ ਸਥਾਨ ਦੇ ਫਾਇਦੇ ਨਾਲ ਕ੍ਰਮਵਾਰ ਦੂਜੇ ਤੇ ਚੌਥੇ ਸਥਾਨ 'ਤੇ ਹਨ। ਨਿਊਜ਼ੀਲੈਂਡ ਦਾ ਮੈਟ ਹੈਨਰੀ ਤੀਜੇ ਸਥਾਨ 'ਤੇ ਹੈ।

ਮੁੰਬਈ ਵਿਰੁੱਧ ਆਪਣੀ ਮੁਹਿੰਮ ਪੱਟੜੀ 'ਤੇ ਲਿਆਉਣ ਦੀ ਕੋਸ਼ਿਸ਼ ਕਰੇਗਾ ਪੰਜਾਬ

ਪੰਜਾਬ ਦੇ ਖਿਡਾਰੀਆਂ ਦੀ ਫਾਈਲ ਫੋਟੋ।

ਧਰਮਸ਼ਾਲਾ, 13 ਮਈ (ਭਾਸ਼ਾ)–ਪਿਛਲੇ 4 ਮੈਚਾਂ 'ਚ ਹਾਰ ਤੋਂ ਨਿਰਾਸ਼ ਪੰਜਾਬ ਕਿੰਗਜ਼ ਨੂੰ ਜੇਕਰ ਇੰਡੀਅਨ ਪ੍ਰੀਮੀਅਰ ਲੀਗ (ਆਈ. ਪੀ. ਐੱਲ.) 'ਚ ਆਪਣੀ ਮੁਹਿੰਮ ਵਾਪਸ ਪੱਟੜੀ 'ਤੇ ਲਿਆਉਣੀ ਹੈ ਤਾਂ ਮੁੰਬਈ ਇੰਡੀਅਨਜ਼ ਵਿਰੁੱਧ ਵੀਰਵਾਰ ਨੂੰ ਇੱਥੇ ਹੋਣ ਵਾਲੇ ਮੈਚ 'ਚ ਉਸ ਨੂੰ ਆਪਣੀ ਗੇਂਦਬਾਜ਼ੀ ਤੇ ਫੀਲਡਿੰਗ 'ਚ ਜਲਦ ਤੋਂ ਜਲਦ ਸੁਧਾਰ ਕਰਨਾ ਹੋਵੇਗਾ। ਟੂਰਨਾਮੈਂਟ ਦੇ ਸ਼ੁਰੂਆਤੀ ਪੜਾਅ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਪੰਜਾਬ ਕਿੰਗਜ਼ ਦੀ ਟੀਮ ਲਗਾਤਾਰ 4 ਮੈਚ ਹਾਰ ਚੁੱਕੀ ਹੈ ਤੇ ਪਲੇਅ ਆਫ 'ਚ ਜਗ੍ਹਾ ਬਣਾਉਣ ਲਈ ਸੰਘਰਸ਼ ਕਰ ਰਹੀ ਹੈ। ਉਸ ਦੀ ਟੀਮ ਨੂੰ ਜੇਕਰ ਟਾਪ-4 'ਚ ਜਗ੍ਹਾ ਪੱਕੀ ਕਰਨੀ ਹੈ ਤਾਂ ਉਸ ਨੂੰ ਆਪਣੇ ਬਾਕੀ ਬਚੇ ਮੈਚਾਂ 'ਚੋਂ ਘੱਟੋ-ਘੱਟ ਦੋ ਮੈਚ ਜਿੱਤਣੇ ਪੈਣਗੇ। ਪੰਜਾਬ ਕੁਝ ਸਮਾਂ ਪਹਿਲਾਂ ਤੱਕ ਟੂਰਨਾਮੈਂਟ 'ਚ ਇਕਲੌਤੀ ਅਜੇਤੂ ਟੀਮ ਸੀ ਪਰ ਇਸ ਫਾਰਮੈਟ ਤੇ ਆਈ. ਪੀ. ਐੱਲ. ਦਾ ਸੁਭਾਅ ਹੀ ਅਜਿਹਾ ਹੈ ਕਿ ਕਿਸਮਤ ਬਹੁਤ ਜਲਦੀ ਕਿਸੇ ਵੀ ਪਾਸੇ ਪਲਟ ਸਕਦੀ ਹੈ।

ਜਿਵੇਂ ਕਿ ਕਪਤਾਨ ਸ਼੍ਰੇਅਸ ਅਈਅਰ ਨੇ ਦਿੱਲੀ ਕੈਪੀਟਲਸ ਤੋਂ ਮਿਲੀ ਹਾਰ ਤੋਂ ਬਾਅਦ ਕਿਹਾ ਸੀ ਕਿ ਪੰਜਾਬ ਕਿੰਗਜ਼ ਦੀ ਇਸ ਮੁਸ਼ਕਿਲ ਸਥਿਤੀ ਲਈ ਉਹ ਖੁਦ ਹੀ ਜ਼ਿੰਮੇਵਾਰ ਹਨ। ਟੂਰਨਾਮੈਂਟ ਦੇ ਪਹਿਲੇ ਹਿੱਸੇ 'ਚ ਬੱਲੇਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਗੇਂਦਬਾਜ਼ੀ ਵਿਭਾਗ ਦੀਆਂ ਕਮਜ਼ੋਰੀਆਂ ਸਾਹਮਣੇ ਨਹੀਂ ਆਈਆਂ ਪਰ ਹੁਣ ਉਸ ਦੇ ਲਈ ਇਹ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਦਿੱਲੀ ਵਿਰੁੱਧ ਮੈਚ 'ਚ ਅਈਅਰ ਤੇ ਉਸ ਦੀ ਟੀਮ ਜਿੱਤ ਦੇ ਕਰੀਬ ਪਹੁੰਚ ਗਈ ਸੀ ਪਰ ਆਖਰੀ 5 ਓਵਰਾਂ 'ਚ ਤੇਜ਼ ਗੇਂਦਬਾਜ਼ਾਂ ਨੇ ਆਪਣੀ ਲੈਂਥ ਸਹੀ ਨਹੀਂ ਰੱਖੀ।

ਅਰਸ਼ਦੀਪ ਸਿੰਘ ਦੀ ਅਗਵਾਈ ਵਾਲੇ ਤੇਜ਼ ਗੇਂਦਬਾਜ਼ੀ ਹਮਲੇ ਦੀ ਇਕਾਨਮੀ ਰੇਟ 10 ਟੀਮਾਂ 'ਚ ਸਭ ਤੋਂ ਖਰਾਬ ਹੈ। ਆਈ. ਪੀ. ਐੱਲ. ਦੇ ਪਹਿਲੇ ਹਾਫ 'ਚ ਜੋਵੀਅਰ ਬਾਰਟਲੈੱਟ ਤੇ ਅਰਸ਼ਦੀਪ ਨੇ ਨਵੀਂ ਗੇਂਦ ਨਾਲ ਚੰਗਾ ਸੁਮੇਲ ਪ੍ਰਦਾਨ ਕੀਤਾ ਪਰ ਲਾਕੀ ਫਰਗਿਊਸਨ ਦੀ ਵਾਪਸੀ ਤੋਂ ਬਾਅਦ ਇਸ 'ਚ ਅਸਥਿਰਤਾ ਦੇਖਣ ਨੂੰ ਮਿਲੀ ਹੈ।

ਮੁੰਬਈ ਦਾ ਕਪਤਾਨ ਹਾਰਦਿਕ ਪੰਡਯਾ ਜ਼ਖ਼ਮੀ ਹੋਣ ਕਾਰਨ ਪਿਛਲੇ ਦੋ ਮੈਚਾਂ 'ਚ ਨਹੀਂ ਖੇਡ ਸਕਿਆ ਸੀ ਤੇ ਇਹ ਦੇਖਣਾ ਬਾਕੀ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਫਿੱਟ ਹੋ ਗਿਆ ਹੈ ਜਾਂ ਨਹੀਂ। ਪਿਛਲੇ ਕੁਝ ਸ